


# ਚੰਡੀਗੜ੍ਹ ਅਜੀਤ

ਅਜੀਤ ਚੰਡੀਗੜ੍ਹ

ਬੁੱਧਵਾਰ, 29 ਅਕਤੂਬਰ 2025






## ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

**ਰੇਡੀਓ**



ਰਾਹੀਂ ਸਿੱਧੇ ਪ੍ਰਸਾਰਿਤ ਹੋਣ ਵਾਲੇ ਕੀਰਤਨ ਵਿਚ 29 ਅਕਤੂਬਰ ਨੂੰ ਸ਼ਾਮ 4.00 ਤੋਂ 6.00 ਵਜੇ ਤੱਕ ਭਾਈ ਰਵਿੰਦਰ ਸਿੰਘ ਅਤੇ 30 ਅਕਤੂਬਰ ਨੂੰ ਸਵੇਰੇ 4.00 ਤੋਂ 6.00 ਵਜੇ ਤੱਕ ਭਾਈ ਜਬਰਤੋੜ ਸਿੰਘ 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

**ਪੀ. ਟੀ. ਸੀ.**

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮ ਵਿਚ 29 ਅਕਤੂਬਰ ਨੂੰ ਸ਼ਾਮ 5.00 ਤੋਂ 7.00 ਵਜੇ ਤੱਕ ਭਾਈ ਦਵਿੰਦਰ ਸਿੰਘ, ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' ਭਾਈ ਗੁਰਸੇਵਕ ਸਿੰਘ ਤੇ 30 ਅਕਤੂਬਰ ਨੂੰ ਸਵੇਰੇ 3.45 ਵਜੇ ਤੋਂ 7.45 ਵਜੇ ਤੱਕ ਭਾਈ ਜਬਰਤੋੜ ਸਿੰਘ ਤੇ ਭਾਈ ਗੁਰਜਿੰਦਰ ਸਿੰਘ ਕੀਰਤਨ ਕਰਨਗੇ।

**ਐਸ. ਜੀ. ਪੀ. ਸੀ. ਵੈੱਬ ਚੈਨਲ** 'ਤੇ ਸਵੇਰੇ 3.45 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਵਜੇ ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

**ਮੁੱਖ ਵਾਕ ਦੀ ਕਥਾ :** 29 ਅਕਤੂਬਰ ਨੂੰ ਗਿਆਨੀ ਰਣਜੀਤ ਸਿੰਘ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਅਤੇ 30 ਅਕਤੂਬਰ ਨੂੰ ਬਾਬਾ ਬੰਤਾ ਸਿੰਘ ਮੁੰਡਾਪਿੰਡ, ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।

# ਸੀ. ਜੀ. ਸੀ. ਯੂਨੀਵਰਸਿਟੀ ਮੁਹਾਲੀ ਦੇ 'ਵੈਂਚਰਵਾਲਟ ਸੀਜ਼ਨ-2' ਨਾਲ ਨੌਜਵਾਨਾਂ ਦੀ ਨਵੀਨਤਾ ਨੂੰ ਮਿਲੀ ਉਡਾਣ

## 40 ਕਰੋੜ ਦੀ ਫ਼ੰਡਿੰਗ ਦੇ ਮਿਲੇ ਮੌਕੇ, 60 ਤੋਂ ਵੱਧ ਸਟਾਰਟਅੱਪਾਂ ਤੇ 30 ਤੋਂ ਵੱਧ ਨਿਵੇਸ਼ਕਾਂ ਨੇ ਲਿਆ ਹਿੱਸਾ

ਐੱਸ. ਏ. ਐੱਸ. ਨਗਰ, 28 ਅਕਤੂਬਰ (ਤਰਵਿੰਦਰ ਸਿੰਘ ਬੈਨੀਪਾਲ)-ਨਵੀਆਂ ਕਾਢਾਂ, ਉੱਦਮਤਾ ਤੇ ਦੂਰਅੰਦੇਸ਼ੀ ਲੀਡਰਸ਼ਿਪ ਦੇ ਇਕ ਸ਼ਾਨਦਾਰ ਜਸ਼ਨ ਵਜੋਂ ਸੀ. ਜੀ. ਸੀ. ਯੂਨੀਵਰਸਿਟੀ ਮੁਹਾਲੀ ਵਲੋਂ 'ਵੈਂਚਰਵਾਲਟ ਸੀਜ਼ਨ-2' ਦੀ ਮੇਜ਼ਬਾਨੀ ਕੀਤੀ ਗਈ। ਇਸ ਪ੍ਰੋਗਰਾਮ ਨੇ ਉੱਭਰਦੇ ਉੱਦਮੀਆਂ ਤੇ ਕਾਰੋਬਾਰੀ ਆਗੂਆਂ ਨੂੰ ਆਪਣੀ ਰਚਨਾਤਮਿਕਤਾ, ਹਿੰਮਤ ਅਤੇ ਦ੍ਰਿੜ੍ਹਤਾ ਦਾ ਪ੍ਰਦਰਸ਼ਨ ਕਰਨ ਲਈ ਢੁਕਵਾਂ ਮੰਚ ਪ੍ਰਦਾਨ ਕੀਤਾ, ਜੋ ਕਿ 'ਵਿਕਸਿਤ ਭਾਰਤ 2047', ਸਵੈ-ਨਿਰਭਰਤਾ, ਨਵੀਨਤਾ ਤੇ ਵਿਸ਼ਵ ਅਗਵਾਈ ਵਾਲੇ ਭਾਰਤ ਦੇ ਰਾਸ਼ਟਰੀ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹੋ ਕੇ ਤਿਆਰ ਕੀਤਾ ਗਿਆ ਹੈ। ਇਸ ਸਮਾਗਮ 'ਚ ਮੁੱਖ ਮਹਿਮਾਨਾਂ ਵਜੋਂ ਸੌਰਭ ਦਿਵੇਦੀ ਫਾਊਂਡਰ ਦਿ ਲਲਨਟਾਪ, ਸਾਹਿਲ ਵੋਹਰਾ ਕੋ-ਫਾਊਂਡਰ ਦਿ ਨੈਚਰਿਕ ਕੰਪਨੀ ਅਤੇ ਦਿਨੇਸ਼ ਧੀਮਾਨ ਸੀ. ਈ. ਓ. ਸੋਨਾਲੀਕਾ ਟਰੈਕਟਰਜ਼ ਵਰਗੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਉਨ੍ਹਾਂ ਦੇ ਪ੍ਰੇਰਨਾਦਾਇਕ ਭਾਸ਼ਣਾਂ ਨੇ ਆਰਥਿਕ ਵਿਕਾਸ, ਮੌਕੇ ਪੈਦਾ ਕਰਨ ਤੇ ਭਾਰਤ ਨੂੰ ਇਕ ਗਲੋਬਲ ਨਵੀਨਤਾ ਦੇ ਕੇਂਦਰ ਵਜੋਂ ਸਥਾਪਿਤ ਕਰਨ 'ਚ ਉੱਦਮਤਾ ਦੀ ਮੁੱਖ ਭੂਮਿਕਾ ਨੂੰ ਉਜਾਗਰ ਕੀਤਾ। ਇਸ ਪ੍ਰੋਗਰਾਮ ਦੌਰਾਨ ਸ਼ਾਰਕ ਟੈਂਕ ਇੰਡੀਆ (ਸੀਜ਼ਨ 1-4) ਦੇ ਪ੍ਰਮੁੱਖ ਉੱਦਮੀਆਂ ਨੇ ਵੀ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ, ਜਿਨ੍ਹਾਂ ਨੇ ਆਪਣੇ ਉੱਦਮੀ ਸਫ਼ਰ ਅਤੇ ਅਨੁਭਵ ਸਾਂਝੇ ਕੀਤੇ। ਇਸ ਤੋਂ ਇਲਾਵਾ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਸਟਾਰਟਅੱਪ ਪੰਜਾਬ, ਪੇ. ਟੀ. ਐੱਮ., ਪੀ. ਐੱਚ. ਡੀ. ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਅਤੇ ਮਾਈਕ੍ਰੋ, ਸਮਾਲ ਐਂਡ ਮੀਡੀਅਮ ਇੰਟਰਪ੍ਰਾਈਜਿਜ਼ ਮੰਤਰਾਲੇ ਸਮੇਤ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਉੱਚ ਅਧਿਕਾਰੀਆਂ ਨੇ ਮਹਿਮਾਨਾਂ ਵਜੋਂ ਹਿੱਸਾ ਲਿਆ। ਇਸ ਸਾਲ ਦੇ 'ਵੈਂਚਰਵਾਲਟ' ਦੌਰਾਨ 60 ਤੋਂ ਵੱਧ ਸਟਾਰਟਅੱਪਸ ਵਲੋਂ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਅਤੇ ਦੇਸ਼ ਭਰ ਤੋਂ 30 ਤੋਂ ਵੱਧ ਨਿਵੇਸ਼ਕਾਂ ਨੇ ਭਾਗ ਲਿਆ, ਜਿਨ੍ਹਾਂ ਦੀ ਹਾਜ਼ਰੀ ਨਾਲ 40 ਕਰੋੜ ਰੁ. ਤੱਕ ਦੀ ਫ਼ੰਡਿੰਗ ਦੇ ਮੌਕੇ ਪੈਦਾ ਹੋਏ। ਇਸ ਦੌਰਾਨ 24 ਘੰਟੇ ਦਾ ਹੈਕਾਥੌਨ ਵੀ ਕਰਵਾਇਆ ਗਿਆ, ਜਿਸ 'ਚ ਦੇਸ਼ ਭਰ ਦੀਆਂ ਸੰਸਥਾਵਾਂ ਦੇ 500 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਪੰਜਾਬ ਅਤੇ ਹਰਿਆਣਾ ਦੇ 25 ਤੋਂ ਵੱਧ ਸਕੂਲਾਂ ਦੇ 300 ਤੋਂ ਵੱਧ ਵਿਦਿਆਰਥੀਆਂ ਨੇ 'ਯੰਗ ਇਨੋਵੇਟਰਸ ਸ਼ੋਅਕੇਸ' 'ਚ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਯੂਨੀਵਰਸਿਟੀ ਨੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੀਆਂ ਟੀਮਾਂ ਨੂੰ 1 ਲੱਖ ਰੁ. ਦੇ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ। ਇਸ ਮੌਕੇ ਬੋਲਦਿਆਂ ਸੀ. ਜੀ. ਸੀ. ਯੂਨੀਵਰਸਿਟੀ ਮੁਹਾਲੀ ਦੇ ਸੰਸਥਾਪਕ ਚਾਂਸਲਰ ਰਸ਼ਪਾਲ ਸਿੰਘ ਧਾਲੀਵਾਲ ਨੇ ਰਾਸ਼ਟਰ ਦੇ ਨੌਜਵਾਨਾਂ ਲਈ ਆਪਣਾ ਦ੍ਰਿਸ਼ਟੀਕੋਣ ਸਾਂਝਾ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਕਿਸੇ ਵੀ ਰਾਸ਼ਟਰ ਦੀ ਅਸਲ ਤਾਕਤ ਉਸ ਦੇ ਨੌਜਵਾਨਾਂ ਦੀ ਨਵੀਨਤਾ, ਹਿੰਮਤ ਅਤੇ ਦ੍ਰਿੜ੍ਹਤਾ 'ਚ ਹੈ। ਉਨ੍ਹਾਂ ਕਿਹਾ ਕਿ 'ਵੈਂਚਰਵਾਲਟ' 'ਸਟਾਰਟ-ਅੱਪ ਇੰਡੀਆ, ਸਟੈਂਡ-ਅੱਪ ਇੰਡੀਆ' ਦੀ ਭਾਵਨਾ ਨੂੰ ਦਰਸਾਉਂਦਾ ਹੈ। ਇਸੇ ਦੌਰਾਨ ਯੂਨੀਵਰਸਿਟੀ ਦੇ ਮੈਨੇਜਿੰਗ ਡਾਇਰੈਕਟਰ ਅਰਸ਼ ਧਾਲੀਵਾਲ ਨੇ ਕਿਹਾ ਕਿ 'ਵੈਂਚਰਵਾਲਟ' ਇਕ ਅਜਿਹਾ ਪਲੇਟਫਾਰਮ ਹੈ, ਜੋ ਕਿ ਨੌਜਵਾਨਾਂ ਨੂੰ ਹੱਦਾਂ ਤੋਂ ਪਰੇ ਸੋਚਣ, ਨਿਡਰ ਹੋ ਕੇ ਨਵੀਨਤਾ ਲਿਆਉਣ ਅਤੇ ਰਾਸ਼ਟਰ ਦੇ ਵਿਕਾਸ 'ਚ ਸਾਰਥਿਕ ਯੋਗਦਾਨ ਪਾਉਣ ਲਈ ਸ਼ਕਤੀ ਪ੍ਰਦਾਨ ਕਰਦਾ ਹੈ। ਇਸ ਪ੍ਰੋਗਰਾਮ ਦੇ ਹੋਰਨਾਂ ਮਹਿਮਾਨਾਂ 'ਚ ਇੰਜ. ਪ੍ਰੀਤਪਾਲ ਸਿੰਘ ਕਾਰਜਕਾਰੀ ਨਿਰਦੇਸ਼ਕ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਡਾ. ਦਪਿੰਦਰ ਕੌਰ ਬਖ਼ਸ਼ੀ ਸੰਯੁਕਤ ਨਿਰਦੇਸ਼ਕ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਦੀਪਿੰਦਰ ਢਿੱਲੋਂ ਸੰਯੁਕਤ ਨਿਰਦੇਸ਼ਕ ਸਟਾਰਟਅੱਪ ਪੰਜਾਬ, ਸੌਰਭ ਜੈਨ ਸਲਾਹਕਾਰ ਪੇ. ਟੀ. ਐੱਮ, ਭਾਰਤੀ ਸੂਦ ਸੀਨੀਅਰ ਖੇਤਰੀ ਨਿਰਦੇਸ਼ਕ ਪੀ. ਐੱਚ. ਡੀ. ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ, ਇਸ਼ਿਤਾ ਥੰਮਨ ਡਿਪਟੀ ਡਾਇਰੈਕਟਰ ਮਾਈਕ੍ਰੋ ਸਮਾਲ ਐਂਡ ਮੀਡੀਅਮ ਇੰਟਰਪ੍ਰਾਈਜਿਜ਼ ਮੰਤਰਾਲਾ ਭਾਰਤ ਸਰਕਾਰ, ਦਿਵਿਤਾ ਜੁਨੇਜਾ ਅਦਾਕਾਰਾ ਹੀਰ ਐਕਸਪ੍ਰੈੱਸ, ਹੰਸ ਮਾਈਕਲ ਗੁਏਲਿਚ ਨਿਰਦੇਸ਼ਕ ਐਂਟਰਪ੍ਰੀਨਿਓਰੀਅਲ ਨੈੱਟਵਰਕਸ ਸਟੈਮਫੋਰਡ ਇੰਟਰਨੈਸ਼ਨਲ ਯੂਨੀਵਰਸਿਟੀ ਥਾਈਲੈਂਡ, ਡਾ. ਅਲਰਾਈਕ ਗੁਏਲਿਚ ਟੀਮ ਲੀਡ ਗਲੋਬਲ ਐਂਟਰਪ੍ਰੀਨਿਓਰਸ਼ਿਪ ਨੈੱਟਵਰਕ ਥਾਈਲੈਂਡ ਬੈਂਕਾਕ ਯੂਨੀਵਰਸਿਟੀ, ਟੀ. ਐੱਸ. ਡਾ. ਫਥਿਨੁਲ ਸਯਾਹਿਰ ਬਿਨ ਅਹਿਮਦ ਨਿਰਦੇਸ਼ਕ ਸੈਂਟਰ ਫਾਰ ਇਨੋਵੇਸ਼ਨ ਐਂਡ ਕਮਰਸ਼ੀਅਲਾਈਜ਼ੇਸ਼ਨ ਯੂਨੀਵਰਸਿਟੀ ਮਲੇਸ਼ੀਆ ਪਰਲਿਸ, ਰਵੀ ਸ਼ਰਮਾ ਜਨਰਲ ਸਕੱਤਰ ਟੀ. ਆਈ. ਈ. ਚੰਡੀਗੜ੍ਹ/ਕੋ-ਫਾਊਂਡਰ/ ਸੀ. ਈ. ਓ. ਵੈਬੋਮੇਜ਼, ਸੋਮਵੀਰ ਆਨੰਦ ਸੀ. ਈ. ਓ. ਤੇ ਮਿਸ਼ਨ ਡਾਇਰੈਕਟਰ ਟੀ. ਆਈ. ਈ. ਪੰਜਾਬ ਅਤੇ ਸ਼ੈੱਫ ਜਸਪ੍ਰੀਤ ਸਿੰਘ ਦੇਵਗਨ ਟੀ. ਵੀ. ਹੋਸਟ/ਜੋਸ਼ ਟਾਕਸ ਸਪੀਕਰ/ਫਾਊਂਡਰ 13 ਸ਼ੇਡਜ਼ ਆਦਿ ਸ਼ਾਮਿਲ ਸਨ, ਜਿਨ੍ਹਾਂ ਨੇ ਆਪਣੇ ਉੱਦਮੀ ਸਫ਼ਰ ਅਤੇ ਸੂਝ-ਬੂਝ ਨੂੰ ਸਾਂਝਾ ਕੀਤਾ।



ਸੀ. ਜੀ. ਸੀ. ਯੂਨੀਵਰਸਿਟੀ ਮੁਹਾਲੀ ਵਿਖੇ 'ਵੈਂਚਰਵਾਲਟ ਸੀਜ਼ਨ-2' ਦੌਰਾਨ ਮੁੱਖ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਯੂਨੀਵਰਸਿਟੀ ਦੇ ਅਧਿਕਾਰੀ। *ਅਜੀਤ ਤਸਵੀਰ*



ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਸੈਂਟਰ ਅੱਗੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਵਿਦਿਆਰਥੀ ਜਥੇਬੰਦੀਆਂ ਦੇ ਮੈਂਬਰ। - *ਤਸਵੀਰ : ਗੁਰਿੰਦਰ ਸਿੰਘ*

# ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਜਥੇਬੰਦੀਆਂ ਵਲੋਂ ਵਿਰੋਧ ਪ੍ਰਦਰਸ਼ਨ ਕੱਲ੍ਹ ਤੋਂ

ਚੰਡੀਗੜ੍ਹ, 28 ਅਕਤੂਬਰ (ਮਾਰਕੰਡਾ)- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਦੇ ਪ੍ਰਤੀਨਿਧੀਆਂ, ਸੁਤੰਤਰ ਵਿਦਿਆਰਥੀਆਂ ਅਤੇ ਪੰਜਾਬ ਯੂਨੀਵਰਸਿਟੀ ਕੈਂਪਸ ਸਟੂਡੈਂਟਸ ਕੌਂਸਲ ਦੇ ਦੋ ਚੁਣੇ ਹੋਏ ਮੈਂਬਰਾਂ ਨੇ ਸਾਂਝੇ ਤੌਰ 'ਤੇ ਪੰਜਾਬ ਯੂਨੀਵਰਸਿਟੀ ਵਿਖੇ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ, ਜਿਸ ਵਿਚ 30 ਅਕਤੂਬਰ ਤੋਂ ਉਪ ਕੁਲਪਤੀ ਦੇ ਦਫ਼ਤਰ ਸਾਹਮਣੇ ਅਣਮਿੱਥੇ ਸਮੇਂ ਲਈ ਵਿਰੋਧ ਪ੍ਰਦਰਸ਼ਨ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ। ਦੱਸਣਯੋਗ ਹੈ ਕਿ ਪੰਜਾਬ ਯੂਨੀਵਰਸਿਟੀ ਵਲੋਂ ਨਵੇਂ ਵਿਦਿਆਰਥੀਆਂ ਤੋਂ ਇਕ ਹਲਫ਼ਨਾਮਾ ਲਿਆ ਜਾਂਦਾ ਹੈ, ਜਿਸ ਵਿਚ ਵਿਦਿਆਰਥੀਆਂ ਦੇ ਜਮਹੂਰੀ ਅਧਿਕਾਰਾਂ ਨੂੰ ਦਬਾਇਆ ਗਿਆ ਹੈ, ਜਿਨ੍ਹਾਂ ਦਾ ਵਿਦਿਆਰਥੀਆਂ ਨੇ ਪਿਛਲੇ ਮਹੀਨਿਆਂ ਤੋਂ ਲਗਾਤਾਰ ਵਿਰੋਧ ਕੀਤਾ ਸੀ ਪਰ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਹ ਹਲਫ਼ਨਾਮਾ ਵਾਪਸ ਨਹੀਂ ਲਿਆ। ਵਿਦਿਆਰਥੀਆਂ ਨੇ ਕਿਹਾ ਕਿ ਇਹ ਹਲਫ਼ਨਾਮਾ ਪ੍ਰਸ਼ਾਸਨਿਕ ਜ਼ਬਰਦਸਤੀ ਅਤੇ ਵਿਦਿਆਰਥੀਆਂ ਦੀਆਂ ਆਵਾਜ਼ਾਂ ਨੂੰ ਦਬਾਉਣ ਦੇ ਇਕ ਵਿਸ਼ਾਲ ਪੈਟਰਨ ਦਾ ਹਿੱਸਾ ਹੈ। ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਨਾਲ ਆਪਣੀਆਂ ਚਿੰਤਾਵਾਂ ਉਠਾਉਣ ਲਈ ਅਪਰਾਧੀਆਂ ਵਾਂਗ ਵਿਵਹਾਰ ਨਹੀਂ ਕਰ ਸਕਦੀ। ਵਿਦਿਆਰਥੀ ਵਿਰੋਧ ਕਰਨ ਦੇ ਆਪਣੇ ਸੰਵਿਧਾਨਕ ਅਧਿਕਾਰ ਦੀ ਰੱਖਿਆ ਲਈ ਇਕਜੁੱਟ ਹਨ।

# ਵੀਜ਼ਾ ਦੇ ਨਾਂਅ 'ਤੇ 2.40 ਲੱਖ ਦੀ ਠੱਗੀ, ਇਮੀਗ੍ਰੇਸ਼ਨ ਕੰਪਨੀ ਦੇ ਮਾਲਕ ਖ਼ਿਲਾਫ਼ ਮਾਮਲਾ ਦਰਜ

ਚੰਡੀਗੜ੍ਹ, 28 ਅਕਤੂਬਰ (ਕਪਿਲ ਵਧਵਾ)- ਚੰਡੀਗੜ੍ਹ ਦੇ ਥਾਣਾ ਸੈਕਟਰ-11 ਦੀ ਪੁਲਿਸ ਨੇ ਵੀਜ਼ਾ ਲਗਵਾਉਣ ਦੇ ਨਾਂਅ 'ਤੇ ਇਕ ਵਿਅਕਤੀ ਨਾਲ 2.40 ਲੱਖ ਰੁਪਏ ਦੀ ਠੱਗੀ ਕਰਨ ਦੇ ਮਾਮਲੇ ਵਿਚ ਇਮੀਗ੍ਰੇਸ਼ਨ ਕੰਪਨੀ ਦੇ ਮਾਲਕ ਖ਼ਿਲਾਫ਼ ਐੱਫ. ਆਈ. ਆਰ ਦਰਜ ਕੀਤੀ ਹੈ। ਇਹ ਮਾਮਲਾ ਲੋਕੇਸ਼ ਵਾਸੀ ਉੜੀਸਾ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਸੈਕਟਰ-24 ਚੰਡੀਗੜ੍ਹ ਸਥਿਤ 'ਇਮੀਗ੍ਰੇਸ਼ਨ ਐਂਡ ਕੌਂਸਲੇਟ' ਨਾਮ ਦੀ ਕੰਪਨੀ ਦੇ ਮਾਲਕ ਅਤੇ ਡਾਇਰੈਕਟਰ ਆਸਿਮ ਨੇ ਉਸ ਨਾਲ ਵਿਦੇਸ਼ ਵੀਜ਼ਾ ਲਗਵਾਉਣ ਦੇ ਨਾਮ 'ਤੇ 2.40 ਲੱਖ ਰੁਪਏ ਹੜੱਪ ਲਏ ਹਨ। ਉਸ ਦਾ ਕਹਿਣਾ ਹੈ ਕਿ ਆਸਿਮ ਦੇ ਕਹਿਣ ਤੇ ਉਸ ਨੇ ਦਸਤਾਵੇਜ਼ ਅਤੇ ਰੁਪਏ ਉਸ ਨੂੰ ਜਮ੍ਹਾਂ ਕਰਵਾ ਦਿੱਤੇ ਪਰ ਬਾਅਦ ਵਿਚ ਨਾ ਤਾਂ ਵੀਜ਼ਾ ਲੱਗਿਆ ਅਤੇ ਨਾ ਹੀ ਉਸਦੇ ਰੁਪਏ ਵਾਪਸ ਕੀਤੇ ਗਏ। ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਆਸਿਮ ਖ਼ਿਲਾਫ਼ ਬੀ. ਐੱਨ. ਐੱਸ. ਦੀ ਧਾਰਾ 318(2) ਅਤੇ ਇਮੀਗ੍ਰੇਸ਼ਨ ਐਕਟ ਦੀ ਧਾਰਾ 24 ਅਧੀਨ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਵਲੋਂ ਮਾਮਲੇ ਦੀ ਜਾਂਚ ਜਾਰੀ ਹੈ।

# ਪੰਜਾਬ ਯੂਨੀਵਰਸਿਟੀ ਨੇ 6ਵੀਂ ਗਲੋਬਲ ਐਲੂਮਨੀ ਮੀਟ-2025 ਦੀ ਕੀਤੀ ਤਿਆਰੀ

ਚੰਡੀਗੜ੍ਹ, 28 ਅਕਤੂਬਰ (ਮਾਰਕੰਡਾ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 1 ਨਵੰਬਰ ਨੂੰ ਲਾਅ ਆਡੀਟੋਰੀਅਮ ਵਿਖੇ ਆਪਣੀ 6ਵੀਂ ਗਲੋਬਲ ਐਲੂਮਨੀ ਮੀਟ 2025 ਦੀ ਮੇਜ਼ਬਾਨੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਮੀਟਿੰਗ ਵਿਚ ਪੰਜਾਬ ਯੂਨੀਵਰਸਿਟੀ ਦੇ ਪ੍ਰਸਿੱਧ ਸਾਬਕਾ ਵਿਦਿਆਰਥੀ ਜਿਨ੍ਹਾਂ ਵਿਚ ਜਸਟਿਸ ਸਵਤੰਤਰ ਕੁਮਾਰ ਸਾਬਕਾ ਜੱਜ ਸੁਪਰੀਮ ਕੋਰਟ ਆਫ਼ ਇੰਡੀਆ ਅਤੇ ਸਾਬਕਾ ਚੇਅਰਪਰਸਨ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨਵੀਂ ਦਿੱਲੀ, ਪ੍ਰੋਫੈਸਰ ਐਮਰੀਟਸ ਡਾ. ਨੀਲਮ ਮਾਨ ਸਿੰਘ ਚੌਧਰੀ ਇੰਡੀਅਨ ਥੀਏਟਰ ਵਿਭਾਗ, ਆਚਾਰੀਆ ਕ੍ਰਿਸ਼ਨ ਕਾਂਤ ਅੱਤਰੀ ਐੱਮ.ਬੀ.ਈ. ਦ ਹਿੰਦੂ ਚੈਪਲੇਨ, ਐੱਚ.ਐੱਮ. ਫੋਰਸਿਜ਼ ਯੂ.ਕੇ ਅਤੇ ਡਾ. ਸਾਗਰ ਪ੍ਰੀਤ ਹੁੱਡਾ ਡਾਇਰੈਕਟਰ ਜਨਰਲ ਆਫ਼ ਪੁਲਿਸ ਚੰਡੀਗੜ੍ਹ ਅਤੇ ਹੋਰ ਵਿਦਿਆਰਥੀ 6ਵੀਂ ਗਲੋਬਲ ਐਲੂਮਨੀ ਮੀਟ ਲਈ ਇਕੱਠੇ ਹੋਣਗੇ। ਪੰਜਾਬ ਯੂਨੀਵਰਸਿਟੀ ਦੀ ਉਪ ਕੁਲਪਤੀ ਪ੍ਰੋ. ਰੇਣੂ ਵਿਗ ਇਸ ਮੀਟਿੰਗ ਦਾ ਉਦਘਾਟਨ ਕਰਨਗੇ ਅਤੇ ਇਕੱਠ ਨੂੰ ਸੰਬੋਧਨ ਕਰਨਗੇ। ਇਸ ਸੈਸ਼ਨ ਵਿਚ ਪ੍ਰਮੁੱਖ ਭਾਗੀਦਾਰਾਂ ਵਿਚ ਅਨਿਰੁੱਧ ਸਾਰਸਵਤ, ਡਾ. ਅਮਰੇਂਦਰ ਬੇਹਰਾ, ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਰਾਜਪਾਲ ਸਿੰਘ, ਜੈਸਮੀਨ ਰਾਣਾ, ਡਾ. ਮੁਨੀਸ਼ ਜਿੰਦਲ ਅਤੇ ਯੋਗੀ ਸੁੱਖ ਦੇਵ ਸ਼ਾਮਲ ਹਨ। ਯੂਨੀਵਰਸਿਟੀ ਆਪਣੇ 1975 ਦੇ ਗੋਲਡਨ ਜੁਬਲੀ ਬੈਚ ਅਤੇ 2000 ਦੇ ਸਿਲਵਰ ਜੁਬਲੀ ਬੈਚ ਨੂੰ ਸਨਮਾਨਿਤ ਕਰੇਗੀ।

# ਪੰਜਾਬ ਐਂਡ ਸਿੰਧ ਬੈਂਕ ਵਲੋਂ ਵਿਜੀਲੈਂਸ ਜਾਗਰੂਕਤਾ ਹਫ਼ਤੇ ਦੀ ਸ਼ੁਰੂਆਤ

## ਖ਼ੂਨਦਾਨ ਕੈਂਪ ਤੇ ਵਾਕਾਥਾਨ ਰਾਹੀਂ ਦਿੱਤਾ ਇਮਾਨਦਾਰੀ ਦਾ ਸੁਨੇਹਾ

ਚੰਡੀਗੜ੍ਹ, 28 ਅਕਤੂਬਰ (ਅਜੀਤ ਬਿਊਰੋ)-ਪੰਜਾਬ ਐਂਡ ਸਿੰਧ ਬੈਂਕ ਵਲੋਂ 'ਵਿਜੀਲੈਂਸ ਜਾਗਰੂਕਤਾ ਹਫ਼ਤਾ 2025' ਦੀ ਸ਼ੁਰੂਆਤ ਸ਼ਾਨਦਾਰ ਢੰਗ ਨਾਲ ਕੀਤੀ ਗਈ। ਇਸ ਮੌਕੇ ਬੈਂਕ ਨੇ ਇਮਾਨਦਾਰੀ, ਪਾਰਦਰਸ਼ਤਾ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨ ਲਈ ਕਈ ਗਤੀਵਿਧੀਆਂ ਕਰਵਾਈਆਂ। ਜਾਗਰੂਕਤਾ ਹਫ਼ਤੇ ਦੀ ਸ਼ੁਰੂਆਤ 27 ਅਕਤੂਬਰ ਨੂੰ ਐੱਫ.ਜੀ.ਐੱਮ. ਦਫ਼ਤਰ, ਚੰਡੀਗੜ੍ਹ ਵਿਖੇ ਖ਼ੂਨਦਾਨ ਕੈਂਪ ਨਾਲ ਹੋਈ, ਜਿਸ 'ਚ ਬੈਂਕ ਦੇ ਕਰਮਚਾਰੀਆਂ ਅਤੇ ਸਵੈਸੇਵਕਾਂ ਨੇ ਵੱਡੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਖ਼ੂਨਦਾਨ ਰਾਹੀਂ ਮਨੁੱਖਤਾ ਦੀ ਸੇਵਾ ਕਰਨ ਦੇ ਸੁਨੇਹੇ ਨਾਲ ਬੈਂਕ ਨੇ ਨਾ ਸਿਰਫ਼ ਨੈਤਿਕ ਬੈਂਕਿੰਗ ਪ੍ਰਥਾਵਾਂ ਪ੍ਰਤੀ ਆਪਣੀ ਵਚਨਬੱਧਤਾ ਦਰਸਾਈ, ਬਲਕਿ ਸਮਾਜਿਕ ਭਲਾਈ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਮਜ਼ਬੂਤ ਕੀਤਾ।

ਸੁਖਨਾ ਝੀਲ 'ਤੇ ਵਾਕਾਥਾਨ ਰਾਹੀਂ ਦਿੱਤਾ ਇਮਾਨਦਾਰੀ ਦਾ ਸੁਨੇਹਾ- ਜਾਗਰੂਕਤਾ ਹਫ਼ਤੇ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਅੱਜ ਸੁਖਨਾ ਝੀਲ ਚੰਡੀਗੜ੍ਹ 'ਚ ਵਿਸ਼ਾਲ ਵਾਕਾਥਾਨ ਕਰਵਾਇਆ ਗਿਆ। ਇਸ ਦਾ ਉਦੇਸ਼ ਨਾਗਰਿਕਾਂ ਵਿਚ ਸਤਰਕਤਾ, ਇਮਾਨਦਾਰੀ ਅਤੇ ਜਵਾਬਦੇਹੀ ਦਾ ਸੰਦੇਸ਼ ਫ਼ੈਲਾਉਣਾ ਸੀ।

ਬੈਂਕ ਦੀਆਂ ਵੱਖ-ਵੱਖ ਸ਼ਾਖਾਵਾਂ ਤੋਂ ਕਰਮਚਾਰੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ 'ਭ੍ਰਿਸ਼ਟਾਚਾਰ ਨੂੰ ਨਾ ਕਹੋ; ਰਾਸ਼ਟਰ ਪ੍ਰਤੀ ਸਮਰਪਿਤ ਰਹੋ' ਦੇ ਨਾਅਰੇ ਨਾਲ ਤਖਤੀਆਂ ਤੇ ਬੈਨਰ ਲਹਿਰਾ ਕੇ ਜਾਗਰੂਕਤਾ ਫ਼ੈਲਾਈ। ਬੈਂਕ ਪ੍ਰਬੰਧਕਾਂ ਨੇ ਦੱਸਿਆ ਕਿ ਵਿਜੀਲੈਂਸ ਜਾਗਰੂਕਤਾ ਹਫ਼ਤੇ ਦਾ ਮੁੱਖ ਉਦੇਸ਼ ਸਰਕਾਰੀ ਤੇ ਵਿੱਤੀ ਸੰਸਥਾਵਾਂ ਵਿਚ ਪਾਰਦਰਸ਼ਤਾ, ਨੈਤਿਕਤਾ ਅਤੇ ਜਵਾਬਦੇਹੀ ਦੇ ਮੁੱਲਾਂ ਨੂੰ ਮਜ਼ਬੂਤ ਕਰਨਾ ਹੈ। ਇਨ੍ਹਾਂ ਪ੍ਰਯਾਸਾਂ ਰਾਹੀਂ ਪੰਜਾਬ ਐਂਡ ਸਿੰਧ ਬੈਂਕ ਦਾ ਉਦੇਸ਼ ਹੈ ਕਿ ਸਾਰੇ ਹਿੱਸੇਦਾਰਾਂ ਦੀ ਸਰਗਰਮ ਭਾਗੀਦਾਰੀ ਰਾਹੀਂ ਇੱਕ ਭ੍ਰਿਸ਼ਟਾਚਾਰ-ਮੁਕਤ ਤੇ ਸੁਚੱਜੇ ਸਮਾਜ ਦਾ ਨਿਰਮਾਣ ਕੀਤਾ ਜਾਵੇ। ਖ਼ੂਨਦਾਨ ਕੈਂਪ ਅਤੇ ਵਾਕਾਥਾਨ ਦੋਹਾਂ ਵਿਚ ਮੁਹਾਲੀ ਅਤੇ ਚੰਡੀਗੜ੍ਹ ਤੋਂ ਬੈਂਕ ਦੇ ਵੱਡੀ ਗਿਣਤੀ ਕਰਮਚਾਰੀਆਂ ਨੇ ਹਿੱਸਾ ਲਿਆ, ਜਿਸ ਨਾਲ ਜਾਗਰੂਕਤਾ ਮੁਹਿੰਮ ਨੂੰ ਹੋਰ ਜ਼ੋਰ ਮਿਲਿਆ। ਬੈਂਕ ਪ੍ਰਬੰਧਕਾਂ ਨੇ ਕਿਹਾ ਕਿ ਇਨ੍ਹਾਂ ਕਦਮਾਂ ਰਾਹੀਂ ਨਾ ਸਿਰਫ਼ ਕਰਮਚਾਰੀਆਂ 'ਚ ਨੈਤਿਕਤਾ ਦਾ ਭਾਵ ਪੈਦਾ ਹੁੰਦਾ ਹੈ, ਸਗੋਂ ਆਮ ਜਨਤਾ ਵਿਚ ਵੀ ਸੱਚਾਈ ਤੇ ਜ਼ਿੰਮੇਵਾਰੀ ਪ੍ਰਤੀ ਜਾਗਰੂਕਤਾ ਵਧਦੀ ਹੈ।



ਪੰਜਾਬ ਐਂਡ ਸਿੰਧ ਬੈਂਕ ਵਲੋਂ 'ਵਿਜੀਲੈਂਸ ਜਾਗਰੂਕਤਾ ਹਫ਼ਤਾ' ਤਹਿਤ ਲਗਾਏ ਗਏ ਖ਼ੂਨਦਾਨ ਕੈਂਪ ਦੌਰਾਨ ਮੌਜੂਦ ਬੈਂਕ ਦੇ ਉੱਚ ਅਧਿਕਾਰੀ ਤੇ ਖ਼ੂਨਦਾਨ ਕਰਦੇ ਦਾਨੀ। *ਅਜੀਤ ਤਸਵੀਰ*



ਮੁੱਖ ਵਿਜੀਲੈਂਸ ਅਫ਼ਸਰ ਨੂੰ ਮੰਗ ਪੱਤਰ ਦਿੰਦੇ ਹੋਏ ਵਿਦਿਆਰਥੀ ਜਥੇਬੰਦੀ ਸੱਥ ਦੇ ਮੈਂਬਰ। *ਤਸਵੀਰ : ਗੁਰਿੰਦਰ ਸਿੰਘ*

# ਵਿਦਿਆਰਥੀ ਜਥੇਬੰਦੀ 'ਸੱਥ' ਨੇ ਬੈਨਰਾਂ ਉੱਪਰ ਪੰਜਾਬੀ ਭਾਸ਼ਾ ਲਿਖਣ ਲਈ ਦਿੱਤਾ ਮੰਗ ਪੱਤਰ

ਚੰਡੀਗੜ੍ਹ,28 ਅਕਤੂਬਰ (ਮਾਰਕੰਡਾ)- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਵਿਦਿਆਰਥੀ ਜਥੇਬੰਦੀ ਸੱਥ ਨੇ ਮੁੱਖ ਵਿਜੀਲੈਂਸ ਅਫ਼ਸਰ ਨੂੰ ਵਿਜੀਲੈਂਸ ਜਾਗਰੂਕਤਾ ਹਫ਼ਤੇ ਲਈ ਲਗਾਏ ਗਏ ਬੈਨਰਾਂ ਵਿਚ ਪੰਜਾਬੀ ਭਾਸ਼ਾ ਨੂੰ ਅੰਗਰੇਜ਼ੀ ਤੇ ਹਿੰਦੀ ਤੋਂ ਬਾਅਦ ਤੀਜੇ ਸਥਾਨ ਤੇ ਰੱਖੇ ਜਾਣ ਵਿਰੁੱਧ ਰੋਸ ਜਤਾਉਂਦਿਆਂ ਗਿਆ ਅਤੇ ਪੰਜਾਬੀ ਭਾਸ਼ਾ ਨੂੰ ਪਹਿਲੇ ਸਥਾਨ ਤੇ ਲਿਖਣ ਲਈ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸੱਥ ਜਥੇਬੰਦੀ ਦੇ ਆਗੂਆਂ ਨੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਪੰਜਾਬ ਦੀ ਧਰਤੀ 'ਤੇ ਖੜ੍ਹੀ ਹੈ ਅਤੇ ਇਤਿਹਾਸਕ ਤੌਰ 'ਤੇ ਵੀ ਪੰਜਾਬ ਦਾ ਯੂਨੀਵਰਸਿਟੀ ਤੇ ਪਹਿਲਾ ਹੱਕ ਪੰਜਾਬ ਦਾ ਹੈ। ਪੰਜਾਬੀ ਇਸ ਖ਼ਿੱਤੇ ਦੀ ਮਾਂ ਬੋਲੀ ਹੈ ਅਤੇ ਪੰਜਾਬ ਯੂਨੀਵਰਸਿਟੀ ਵਿਚ ਹਰ ਜਗ੍ਹਾ ਤੇ ਪੰਜਾਬੀ ਪਹਿਲੇ ਸਥਾਨ 'ਤੇ ਲਿਖੀ ਜਾਣੀ ਚਾਹੀਦੀ ਹੈ। ਵਿਦਿਆਰਥੀ ਜਥੇਬੰਦੀ ਸੱਥ ਨੇ ਚੇਤਾਵਨੀ ਦਿੱਤੀ ਕਿ ਜੇਕਰ ਪ੍ਰਸ਼ਾਸਨ ਵਲੋਂ ਤੁਰੰਤ ਕੋਈ ਕਾਰਗਰ ਕਦਮ ਨਾ ਚੁੱਕਿਆ ਗਿਆ ਤਾਂ ਜਥੇਬੰਦੀ ਪੰਜਾਬੀ ਭਾਸ਼ਾ ਦੀ ਇੱਜ਼ਤ ਅਤੇ ਹੱਕ ਲਈ ਯੂਨੀਵਰਸਿਟੀ ਪੱਧਰ 'ਤੇ ਤਿੱਖਾ ਅੰਦੋਲਨ ਸ਼ੁਰੂ ਕਰੇਗੀ।

# ਵਿੱਤ ਮੰਤਰੀ ਚੀਮਾ ਨੇ ਵੈਟਰਨਰੀ ਵਿਦਿਆਰਥੀ ਯੂਨੀਅਨ ਨੂੰ ਮੰਗਾਂ 'ਤੇ ਜਲਦੀ ਕਾਰਵਾਈ ਦਾ ਦਿੱਤਾ ਭਰੋਸਾ

ਚੰਡੀਗੜ੍ਹ, 28 ਅਕਤੂਬਰ (ਅਜਾਇਬ ਸਿੰਘ ਔਜਲਾ)-ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਵੈਟਰਨਰੀ ਸਟੂਡੈਂਟਸ ਯੂਨੀਅਨ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ 15 ਦਿਨਾਂ ਦੇ ਅੰਦਰ-ਅੰਦਰ ਪੂਰਾ ਕਰ ਦਿੱਤਾ ਜਾਵੇਗਾ। ਇਹ ਭਰੋਸਾ ਵਿੱਤ ਮੰਤਰੀ ਦੇ ਦਫ਼ਤਰ ਵਿਖੇ ਹੋਈ ਇੱਕ ਮੀਟਿੰਗ ਦੌਰਾਨ ਯੂਨੀਅਨ ਵੱਲੋਂ ਆਪਣੇ ਮਸਲੇ ਤੇ ਮੰਗਾਂ ਪੇਸ਼ ਕਰਨ ਮੌਕੇ ਦਿੱਤਾ ਗਿਆ। ਇਸ ਮੀਟਿੰਗ ਵਿਚ ਵਿਸ਼ੇਸ਼ ਮੁੱਖ ਸਕੱਤਰ, ਖੇਡਾਂ ਅਤੇ ਯੁਵਕ ਸੇਵਾਵਾਂ, ਸਰਵਜੀਤ ਸਿੰਘ, ਪ੍ਰਮੁੱਖ ਸਕੱਤਰ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ, ਰਾਹੁਲ ਭੰਡਾਰੀ, ਵਿਸ਼ੇਸ਼ ਸਕੱਤਰ ਵਿੱਤ, ਸ਼ੌਕਤ ਅਹਿਮਦ ਪਰੇ ਅਤੇ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਈਸਿੰਜ ਯੂਨੀਵਰਸਿਟੀ ਦੇ ਉਪ ਕੁਲਪਤੀ, ਡਾ. ਜਤਿੰਦਰ ਪਾਲ ਸਿੰਘ ਗਿੱਲ ਨੇ ਸ਼ਿਰਕਤ ਕਰਦਿਆਂ ਵੈਟਰਨਰੀ ਵਿਦਿਆਰਥੀਆਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਵਿਸਥਾਰ ਵਿਚ ਵਿਚਾਰ ਚਰਚਾ ਕੀਤੀ। ਵੈਟਰਨਰੀ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਡਾ. ਅਵਨੀਤ ਜੱਸਲ, ਉਪ ਪ੍ਰਧਾਨ ਡਾ. ਕਮਲਪ੍ਰੀਤ ਸਿੰਘ, ਅਤੇ ਕੋਰ ਕਮੇਟੀ ਮੈਂਬਰਾਂ ਡਾ. ਸੁਨੀਲ ਮੋਮੀ ਤੇ ਡਾ. ਮੁਸਕਾਨ ਠਾਕੁਰ ਨੇ ਵਿੱਤ ਮੰਤਰੀ ਅੱਗੇ ਆਪਣਾ ਪੱਖ ਪੇਸ਼ ਕੀਤਾ। ਯੂਨੀਅਨ ਵੱਲੋਂ ਪੇਸ਼ ਮੰਗਾਂ ਬਾਰੇ ਵਿਚਾਰ ਚਰਚਾ ਕਰਨ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਬੰਧਿਤ ਅਧਿਕਾਰੀਆਂ ਨੂੰ ਅਗਲੇ 10 ਦਿਨਾਂ ਦੇ ਅੰਦਰ ਮੁੱਖ ਮੁੱਦਿਆਂ ਨੂੰ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਵਿੱਤ ਮੰਤਰੀ ਨੇ ਯੂਨੀਅਨ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ 'ਤੇ ਪਹਿਲਾਂ ਹੀ ਕਾਰਵਾਈ ਚੱਲ ਰਹੀ ਹੈ ਅਤੇ ਜਲਦੀ ਹੀ ਉਹ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਵਿਦਿਆਰਥੀਆਂ ਦੇ ਭਲੇ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਸਮੇਂ ਸਿਰ ਹੱਲ ਕਰਨ ਲਈ ਵਚਨਬੱਧ ਹੈ।

ਇਹ ਮੀਟਿੰਗ ਸਕਾਰਾਤਮਿਕ ਮਾਹੌਲ ਵਿਚ ਸਮਾਪਤ ਹੋਈ, ਜਿਸ ਦੌਰਾਨ ਵੈਟਰਨਰੀ ਸਟੂਡੈਂਟਸ ਯੂਨੀਅਨ ਨੇ ਵਿੱਤ ਮੰਤਰੀ ਵਲੋਂ ਉਨ੍ਹਾਂ ਦੀਆਂ ਚਿੰਤਾਵਾਂ ਸੁਣਨ ਅਤੇ ਜਲਦੀ ਕਾਰਵਾਈ ਕਰਨ ਦੀ ਇੱਛਾ ਲਈ ਧੰਨਵਾਦ ਪ੍ਰਗਟ ਕੀਤਾ।



ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਚੰਡੀਗੜ੍ਹ 'ਚ ਵੈਟਰਨਰੀ ਸਟੂਡੈਂਟਸ ਯੂਨੀਅਨ ਦੇ ਆਗੂਆਂ ਨਾਲ ਉਨ੍ਹਾਂ ਦੀਆਂ ਮੰਗਾਂ ਸਬੰਧੀ ਮੀਟਿੰਗ ਕਰਦੇ ਹੋਏ। *ਅਜੀਤ ਤਸਵੀਰ*

## ਡੀ. ਆਈ. ਜੀ. ਭੁੱਲਰ ਰਿਸ਼ਵਤਖ਼ੋਰੀ ਮਾਮਲਾ

# ਸੀ. ਬੀ. ਆਈ. ਨੇ ਮੰਗਿਆ ਸਹਿ-ਮੁਲਜ਼ਮ ਕ੍ਰਿਸ਼ਨੂੰ ਦਾ ਰਿਮਾਂਡ, ਵਕੀਲ ਨਾ ਹੋਣ 'ਤੇ ਅਦਾਲਤ ਨੇ ਦਿੱਤੇ ਨਿਰਦੇਸ਼

ਚੰਡੀਗੜ੍ਹ, 28 ਅਕਤੂਬਰ (ਕਪਿਲ ਵਧਵਾ)-ਡੀ. ਆਈ. ਜੀ. ਹਰਚਰਨ ਸਿੰਘ ਭੁੱਲਰ ਦੇ ਰਿਸ਼ਵਤਖੋਰੀ ਮਾਮਲੇ ਵਿਚ ਸੀ. ਬੀ. ਆਈ. ਵਲੋਂ ਸਹਿ-ਮੁਲਜ਼ਮ ਕ੍ਰਿਸ਼ਨੂੰ ਸ਼ਾਰਦਾ ਦਾ ਰਿਮਾਂਡ ਮੰਗਣ ਲਈ ਚੰਡੀਗੜ੍ਹ ਸਥਿਤ ਵਿਸ਼ੇਸ਼ ਸੀ. ਬੀ. ਆਈ. ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਗਈ ਹੈ। ਇਸ ਮਾਮਲੇ ਵਿਚ ਅੱਜ ਮੁਅੱਤਲ ਡੀ. ਆਈ. ਜੀ. ਹਰਚਰਨ ਸਿੰਘ ਭੁੱਲਰ ਦੇ ਵਕੀਲ ਏ.ਐਸ. ਸੁਖੀਜਾ ਅਦਾਲਤ ਵਿਚ ਪੇਸ਼ ਹੋਏ, ਜਿਨ੍ਹਾਂ ਨੇ ਸਪਸ਼ਟ ਕੀਤਾ ਕਿ ਉਹ ਸਹਿ-ਮੁਲਜ਼ਮ ਕ੍ਰਿਸ਼ਨੂੰ ਦੇ ਵਕੀਲ ਨਹੀਂ ਹਨ। ਜਿਸ ਕਾਰਨ ਕ੍ਰਿਸ਼ਨੂੰ ਦੀ ਤਰਫ਼ੋਂ ਅੱਜ ਅਦਾਲਤ ਵਿਚ ਕੋਈ ਵੀ ਵਕੀਲ ਹਾਜ਼ਰ ਨਹੀਂ ਹੋ ਸਕਿਆ, ਜਿਸ ਕਰਕੇ ਅਦਾਲਤ ਵਲੋਂ ਜੇਲ੍ਹ ਸੁਪਰਿੰਟੈਂਡੈਂਟ ਨੂੰ ਨਿਰਦੇਸ਼ ਦਿੱਤੇ ਗਏ ਕਿ ਬੁੱਧਵਾਰ ਨੂੰ ਕ੍ਰਿਸ਼ਨੂੰ ਨੂੰ ਨਿੱਜੀ ਤੌਰ 'ਤੇ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਨਾਲ ਹੀ ਅਦਾਲਤ ਨੇ ਇਹ ਵੀ ਸਪਸ਼ਟ ਕੀਤਾ ਕਿ ਜੇਕਰ ਉਸ ਦੀ ਤਰਫੋਂ ਕੋਈ ਵਕੀਲ ਨਹੀਂ ਪੇਸ਼ ਹੋਵੇਗਾ, ਤਾਂ ਉਸ ਨੂੰ ਕਾਨੂੰਨੀ ਸਹਾਇਤਾ (ਲੀਗਲ ਐਡ) ਮੁਹੱਈਆ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਨੇ ਕ੍ਰਿਸ਼ਨੂੰ ਸ਼ਾਰਦਾ ਦਾ 12 ਦਿਨ ਦਾ ਰਿਮਾਂਡ ਮੰਗਿਆ ਗਿਆ ਹੈ, ਰਿਮਾਂਡ ਦੌਰਾਨ ਏਜੰਸੀ ਵਲੋਂ ਕ੍ਰਿਸ਼ਨੂੰ ਤੋਂ ਸਾਬਕਾ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨਾਲ ਉਸਦੇ ਸੰਬੰਧਾਂ ਅਤੇ ਰਿਸ਼ਵਤ ਮਾਮਲੇ ਵਿਚ ਉਸ ਦੀ ਭੂਮਿਕਾ ਬਾਰੇ ਪੁੱਛਗਿੱਛ ਕੀਤੀ ਜਾਵੇਗੀ। 16 ਅਕਤੂਬਰ ਨੂੰ ਸੀ.ਬੀ.ਆਈ. ਨੇ ਸਾਬਕਾ ਡੀ.ਆਈ.ਜੀ. ਭੁੱਲਰ ਨੂੰ ਇਕ ਵਪਾਰੀ ਤੋਂ ਰਿਸ਼ਵਤ ਲੈਣ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਸੀ। ਜਾਂਚ ਦੌਰਾਨ ਉਸਦੇ ਘਰ ਤੋਂ 7.5 ਕਰੋੜ ਰੁਪਏ ਨਕਦ, ਮਹਿੰਗੀਆਂ ਘੜੀਆਂ, ਕਈ ਲਾਕਰਾਂ ਅਤੇ ਬੇਨਾਮੀ ਜਾਇਦਾਦਾਂ ਦੇ ਕਾਗਜ਼ ਬਰਾਮਦ ਹੋਏ ਸਨ। ਕ੍ਰਿਸ਼ਨੂੰ ਸ਼ਾਰਦਾ, ਜਿਸ ਨੇ ਵਪਾਰੀ ਆਕਾਸ਼ ਬੱਤਾ ਅਤੇ ਡੀ.ਆਈ.ਜੀ. ਭੁੱਲਰ ਦੀ ਮੁਲਾਕਾਤ ਕਰਵਾਈ ਸੀ, ਇਸ ਵੇਲੇ ਬੁੜੈਲ ਜੇਲ੍ਹ ਵਿਚ ਨਿਆਂਇਕ ਹਿਰਾਸਤ ਵਿਚ ਹੈ। ਸੀ.ਬੀ.ਆਈ. ਵਲੋਂ ਉਸ ਦੇ ਘਰੋਂ 21 ਲੱਖ ਰੁਪਏ ਨਕਦ ਤੇ ਕੁਝ ਮਹੱਤਵਪੂਰਨ ਦਸਤਾਵੇਜ਼ ਵੀ ਬਰਾਮਦ ਕੀਤੇ ਗਏ ਸਨ।

# ਚੰਡੀਗੜ੍ਹ ਦੇ ਕਈ ਸੈਕਟਰਾਂ 'ਚ 29 ਅਕਤੂਬਰ ਤੋਂ 15 ਨਵੰਬਰ ਤੱਕ ਪਾਣੀ ਸਪਲਾਈ ਰਹੇਗੀ ਬੰਦ

## ਨਗਰ ਨਿਗਮ ਨੇ ਨਿਵਾਸੀਆਂ ਨੂੰ ਸਹਿਯੋਗ ਦੀ ਕੀਤੀ ਅਪੀਲ


ਚੰਡੀਗੜ੍ਹ, 28 ਅਕਤੂਬਰ (ਸੰਦੀਪ ਕੁਮਾਰ ਮਾਹਨਾ)- ਚੰਡੀਗੜ੍ਹ ਦੇ ਕਈ ਸੈਕਟਰਾਂ 'ਚ ਆਉਣ ਵਾਲੇ ਦਿਨਾਂ ਵਿਚ ਪਾਣੀ ਸਪਲਾਈ ਅਸਥਾਈ ਤੌਰ 'ਤੇ ਬੰਦ ਰਹੇਗੀ। ਇਹ ਕਦਮ ਸੀ.ਆਈ.ਆਈ. ਸੈਕਟਰ 31 ਨੇੜੇ ਟੀਟੀ ਵਾਟਰ ਸਪਲਾਈ ਪਾਈਪਲਾਈਨ ਦੀ ਜ਼ਰੂਰੀ ਮੁਰੰਮਤ ਕਾਰਨ ਚੁੱਕਿਆ ਗਿਆ ਹੈ। ਨਗਰ ਨਿਗਮ, ਚੰਡੀਗੜ੍ਹ ਵਲੋਂ ਜਾਰੀ ਸੂਚਨਾ ਅਨੁਸਾਰ ਟੀਟੀ ਵਾਟਰ ਸਪਲਾਈ ਦੀ ਪੰਪਿੰਗ 29 ਅਕਤੂਬਰ ਤੋਂ 15 ਨਵੰਬਰ, 2025 ਤੱਕ ਰੋਕੀ ਜਾਵੇਗੀ। ਨਗਰ ਨਿਗਮ ਦੇ ਅਧਿਕਾਰੀਆਂ ਨੇ ਦੱਸਿਆ ਕਿ 20 ਇੰਚ (500 ਮਿਲੀਮੀਟਰ) ਪੀ.ਐੱਸ.ਸੀ. ਟੀਟੀ ਵਾਟਰ ਸਪਲਾਈ ਪਾਈਪਲਾਈਨ, ਜੋ ਕਿ ਚੰਡੀਗੜ੍ਹ ਸ਼ਹਿਰ ਨੂੰ ਮੁੱਖ ਪਾਣੀ ਸਪਲਾਈ ਮੁਹੱਈਆ ਕਰਦੀ ਹੈ 'ਚ ਲੀਕੇਜ ਅਤੇ ਪ੍ਰੈਸ਼ਰ ਸਬੰਧੀ ਤਕਨੀਕੀ ਸਮੱਸਿਆਵਾਂ ਆ ਰਹੀਆਂ ਸਨ। ਇਸ ਕਾਰਨ ਪਾਈਪਲਾਈਨ ਦੀ ਜ਼ਰੂਰੀ ਮੁਰੰਮਤ ਅਤੇ ਕੁਝ ਹਿੱਸਿਆਂ ਦੀ ਤਬਦੀਲੀ ਕਰਨ ਦੀ ਲੋੜ ਮਹਿਸੂਸ ਕੀਤੀ ਗਈ।

ਇੰਜੀਨੀਅਰਿੰਗ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਮੁਰੰਮਤ ਦੇ ਦੌਰਾਨ ਪਾਈਪਲਾਈਨ ਦੇ ਜੋੜਾਂ ਨੂੰ ਬਦਲਣਾ, ਪਾਣੀ ਦੇ ਪ੍ਰੈਸ਼ਰ ਨੂੰ ਸੰਤੁਲਿਤ ਕਰਨ ਲਈ ਨਵੀਆਂ ਵਾਰਵਾਂ ਲਗਾਉਣਾ ਅਤੇ ਰਿਸਾਅ ਵਾਲੇ ਹਿੱਸਿਆਂ ਦੀ ਸੀਲਿੰਗ ਕੀਤੀ ਜਾਵੇਗੀ।

ਪਾਣੀ ਸਪਲਾਈ ਬੰਦ ਰਹਿਣ ਨਾਲ ਇਹ ਸੈਕਟਰ ਹੋਣਗੇ ਪ੍ਰਭਾਵਿਤ ਇਸ ਮੁਰੰਮਤ ਕਾਰਜ ਦੌਰਾਨ ਸੈਕਟਰ 20 (ਸੀ ਅਤੇ ਡੀ), ਸੈਕਟਰ 21 (ਸੀ ਅਤੇ ਡੀ), 22 (ਸੀ ਅਤੇ ਡੀ), 23 (ਸੀ ਅਤੇ ਡੀ), 24 ਡੀ, 25, 29 (ਸੀ ਅਤੇ ਡੀ), 30 (ਸੀ ਅਤੇ ਡੀ), 31, 32 (ਏ ਅਤੇ ਬੀ), 33 (ਏ ਅਤੇ ਬੀ), 35 (ਏ ਅਤੇ ਬੀ), 36 (ਏ ਅਤੇ ਬੀ), 37 (ਏ ਅਤੇ ਬੀ), 38 (ਏ ਅਤੇ ਬੀ), 39 (ਏ ਅਤੇ ਬੀ), 40 (ਏ ਅਤੇ ਬੀ), 41 (ਏ ਅਤੇ ਬੀ), 38 (ਵੈਸਟ) ਦੇ ਨਾਲ ਨਾਲ ਪਿੰਡ ਮਲੋਆ, ਡੱਡੂਮਾਜਰਾ ਅਤੇ ਧਨਾਸ ਵਿਚ ਪਾਣੀ ਸਪਲਾਈ ਪ੍ਰਭਾਵਿਤ ਰਹੇਗੀ। ਅਧਿਕਾਰੀਆਂ ਨੇ ਦੱਸਿਆ ਕਿ ਕੁੱਝ ਖੇਤਰਾਂ 'ਚ ਕੇਵਲ ਸ਼ਾਮ ਜਾਂ ਸਵੇਰ ਦੇ ਸਮੇਂ ਘੱਟ ਪ੍ਰੈਸ਼ਰ ਨਾਲ ਪਾਣੀ ਆ ਸਕਦਾ ਹੈ, ਜਦਕਿ ਕੁਝ ਸੈਕਟਰਾਂ ਵਿਚ ਪੂਰੀ ਤਰ੍ਹਾਂ ਸਪਲਾਈ ਬੰਦ ਰਹਿ ਸਕਦੀ ਹੈ।

ਨਿਵਾਸੀਆਂ ਨੂੰ ਸਹਿਯੋਗ ਦੀ ਕੀਤੀ ਅਪੀਲ- ਨਗਰ ਨਿਗਮ ਚੰਡੀਗੜ੍ਹ ਨੇ ਸ਼ਹਿਰ ਨਿਵਾਸੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਇਸ ਸਮੇਂ ਦੌਰਾਨ ਪਾਣੀ ਦੀ ਬਰਬਾਦੀ ਤੋਂ ਬਚਣ ਅਤੇ ਜ਼ਰੂਰੀ ਜਲ ਸਟੋਰੇਜ ਦਾ ਪ੍ਰਬੰਧ ਕਰਨ। ਇਸ ਤੋਂ ਇਲਾਵਾ ਟੈਂਕਰ ਸੇਵਾ ਉਪਲਬਧ ਕਰਵਾਉਣ ਲਈ ਵਿਭਾਗ ਵਲੋਂ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਐਮਰਜੈਂਸੀ ਹਾਲਾਤ ਵਿਚ ਨਿਵਾਸੀਆਂ ਨੂੰ ਪਰੇਸ਼ਾਨੀ ਨਾ ਹੋਵੇ। ਨਗਰ ਨਿਗਮ ਦੇ ਬੁਲਾਰੇ ਨੇ ਕਿਹਾ ਕਿ ਇਹ ਮੁਰੰਮਤ ਕਾਰਜ ਸ਼ਹਿਰ ਦੀ ਪਾਣੀ ਸਪਲਾਈ ਪ੍ਰਣਾਲੀ ਨੂੰ ਹੋਰ ਮਜ਼ਬੂਤ ਅਤੇ ਲੰਬੇ ਸਮੇਂ ਲਈ ਸਥਿਰ ਬਣਾਉਣ ਲਈ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਵਿਭਾਗ ਦੇ ਇੰਜੀਨੀਅਰ ਦਿਨ-ਰਾਤ ਕੰਮ ਕਰਨਗੇ ਤਾਂ ਜੋ ਮੁਰੰਮਤ ਨਿਰਧਾਰਤ ਸਮੇਂ ਤੋਂ ਪਹਿਲਾਂ ਪੂਰੀ ਹੋ ਸਕੇ ਅਤੇ ਪਾਣੀ ਸਪਲਾਈ ਮੁੜ ਸਧਾਰਣ ਕੀਤੀ ਜਾ ਸਕੇ।

## ਜਨਮ ਦਿਨ ਮੁਬਾਰਕ



ਅਨਮੋਲਦੀਪ ਸਿੰਘ
ਪਿਤਾ: ਰਾਜ ਕੁਮਾਰ
ਮਾਤਾ: ਨੀਲਮ ਰਾਣੀ
ਪਿੰਡ: ਕਥੇੜਾ (ਨੰਗਲ)

# ਕਿਸਾਨ ਯੂਨੀਅਨ ਨੇ ਐਕਸੀਅਨ ਨੂੰ ਸੌਂਪਿਆ ਮੰਗ ਪੱਤਰ

*ਖਰੜ, 28 ਅਕਤੂਬਰ (ਗੁਰਮੁੱਖ ਸਿੰਘ ਮਾਨ)-ਖਰੜ ਤੇ ਮੋਰਿੰਡਾ ਇਲਾਕੇ ਵਿਚ ਬਿਜਲੀ ਦੀ ਸਪਲਾਈ ਪੂਰੀ ਨਾ ਆਉਣ ਦੇ ਮਸਲੇ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵਲੋਂ ਪਾਵਰਕਾਮ ਖਰੜ ਦੇ ਐਕਸੀਅਨ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਮੇਹਰ ਸਿੰਘ ਥੇੜ੍ਹੀ ਨੇ ਦੱਸਿਆ ਕਿ ਮੋਰਿੰਡਾ ਤੇ ਖਰੜ ਅਧੀਨ ਪੈਂਦੇ ਖੇਤਰ 'ਚ ਬਿਜਲੀ ਦੀ ਸਪਲਾਈ ਮਸਾਂ ਹੀ 4-5 ਘੰਟੇ ਆ ਰਹੀ ਹੈ, ਜਦਕਿ ਝੋਨੇ ਦੀ ਕਟਾਈ ਲੇਟ ਹੋਣ ਕਾਰਨ ਸਾਰੇ ਦੇ ਸਾਰੇ ਝੋਨੇ ਵਾਲੇ ਖੇਤਾਂ ਦੀ ਕਿਸਾਨਾਂ ਨੇ ਹਾਲੇ ਰੌਣੀ ਕਰਨੀ ਹੈ, ਜਿਸ ਲਈ ਕਿਸਾਨਾਂ ਨੂੰ ਘੱਟੋ ਘੱਟ 8 ਤੋਂ 10 ਘੰਟੇ ਬਿਜਲੀ ਸਪਲਾਈ ਮਿਲਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਝੋਨੇ ਦਾ ਝਾੜ ਬਹੁਤ ਘੱਟ ਨਿਕਲਿਆ ਹੈ, ਜਿਸ ਕਾਰਨ ਕਿਸਾਨਾਂ ਨੂੰ ਭਾਰੀ ਵਿੱਤੀ ਨੁਕਸਾਨ ਹੋਇਆ ਹੈ ਅਤੇ ਹੁਣ ਬਿਜਲੀ ਸਪਲਾਈ ਘੱਟ ਹੋਣ ਕਾਰਨ ਕਣਕ ਦੀ ਬਿਜਾਈ ਲੇਟ ਹੋ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਬਿਜਲੀ ਦੀ ਸਪਲਾਈ ਵਿਚ ਸੁਧਾਰ ਕਰਕੇ ਪੂਰੀ ਸਪਲਾਈ ਦਿੱਤੀ ਜਾਵੇ। ਇਸ ਮੌਕੇ ਰਵਿੰਦਰ ਸਿੰਘ ਦੇਹਕਲਾਂ ਜ਼ਿਲ੍ਹਾ ਪ੍ਰਧਾਨ, ਬਹਾਦਰ ਸਿੰਘ ਨਿਆਮੀਆਂ, ਮਨਪ੍ਰੀਤ ਸਿੰਘ ਖੇੜੀ, ਹਕੀਕਤ ਸਿੰਘ ਘੜੂੰਆਂ ਤੇ ਹਰਵਿੰਦਰ ਸਿੰਘ ਸਮੇਤ ਹੋਰ ਕਿਸਾਨ ਆਗੂ ਵੀ ਹਾਜ਼ਰ ਸਨ।*



ਛੱਠ ਪੂਜਾ 'ਚ ਹਾਜ਼ਰੀ ਭਰਦੇ ਹੋਏ ਭਾਜਪਾ ਆਗੂ ਸੰਜੀਵ ਖੰਨਾ। *ਤਸਵੀਰ : ਹੈਪੀ ਪੰਡਵਾਲਾ*

# ਛੱਠ ਪੂਜਾ 'ਚ ਭਾਜਪਾ ਆਗੂ ਸੰਜੀਵ ਖੰਨਾ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

ਜ਼ੀਰਕਪੁਰ, 28 ਅਕਤੂਬਰ (ਹੈਪੀ ਪੰਡਵਾਲਾ)-ਛੱਠ ਪੂਜਾ ਦਾ ਚਾਰ ਦਿਨਾਂ ਦਾ ਪਵਿੱਤਰ ਤਿਉਹਾਰ ਅੱਜ ਸਮਾਪਤ ਹੋ ਗਿਆ। ਇਸ ਦੌਰਾਨ ਜ਼ੀਰਕਪੁਰ ਖੇਤਰ 'ਚ ਛੱਠ ਪੂਜਾ ਧੂਮਧਾਮ ਨਾਲ ਮਨਾਈ ਗਈ। ਇਸ ਮੌਕੇ ਘੱਗਰ ਦਰਿਆ ਤੇ ਪਿੰਡ ਭਬਾਤ 'ਚ ਤਿਆਰ ਕੀਤੇ ਘਾਟਾਂ 'ਤੇ ਸਵੇਰ ਤੋਂ ਹੀ ਸ਼ਰਧਾਲੂ ਜੁੜਨੇ ਸ਼ੁਰੂ ਹੋ ਗਏ ਸੀ ਅਤੇ ਭਗਤਾਂ ਨੇ ਪਰੰਪਰਾਗਤ ਰੀਤੀ ਅਨੁਸਾਰ ਪੂਜਾ ਕਰਕੇ ਖ਼ੁਸ਼ਹਾਲੀ ਦੀ ਕਾਮਨਾ ਕੀਤੀ। ਇਸ ਵਾਰ ਭਬਾਤ ਛੱਠ ਪੂਜਾ ਸੇਵਾ ਸੁਸਾਇਟੀ ਵਲੋਂ ਪੂਜਾ ਵਾਲੀ ਥਾਂ ਬਹੁਤ ਸਜਾਵਟ ਕੀਤੀ ਗਈ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਧਿਆਨ 'ਚ ਰੱਖਦਿਆਂ ਪੁਲਿਸ ਪ੍ਰਬੰਧ ਕੀਤੇ ਗਏ ਸੀ। ਇਸ ਮੌਕੇ ਭਾਜਪਾ ਨੇਤਾ ਸੰਜੀਵ ਖੰਨਾ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਸ਼ਰਧਾਲੂਆਂ ਨਾਲ ਮਿਲ ਕੇ ਸੂਰਜ ਨੂੰ ਅਰਘ ਅਰਪਿਤ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਛੱਠ ਦਾ ਤਿਓਹਾਰ ਸਾਡੀ ਸੰਸਕ੍ਰਿਤੀ ਦੀ ਰੂਹ ਹੈ ਤੇ ਜ਼ੀਰਕਪੁਰ ਵਿਚ ਲੋਕਾਂ ਦੀ ਇੰਨੀ ਵੱਡੀ ਹਾਜ਼ਰੀ ਇਹ ਸਾਬਤ ਕਰਦੀ ਹੈ ਕਿ ਇਥੇ ਸਮਾਜਿਕ ਸਦਭਾਵਨਾ ਅਤੇ ਅਨੁਸ਼ਾਸਨ ਅੱਜ ਵੀ ਮਜ਼ਬੂਤ ਹੈ। ਉਨ੍ਹਾਂ ਇਸ ਤਿਉਹਾਰ ਨੂੰ ਏਕਤਾ ਅਤੇ ਆਸਥਾ ਦਾ ਪ੍ਰਤੀਕ ਦੱਸਿਆ। ਇਸ ਦੌਰਾਨ ਸਥਾਨਕ ਨਿਵਾਸੀਆਂ ਨੇ ਦੱਸਿਆ ਕਿ ਇਸ ਵਾਰ ਘਾਟਾਂ ਦੀ ਸਜਾਵਟ ਅਤੇ ਪ੍ਰਬੰਧ ਪਿਛਲੇ ਸਾਲਾਂ ਨਾਲੋਂ ਵਧੀਆ ਰਹੇ ਅਤੇ ਲੋਕਾਂ ਨੇ ਪੂਰੀ ਸ਼ਰਧਾ ਅਤੇ ਅਨੁਸ਼ਾਸਨ ਨਾਲ ਪੂਜਾ ਕੀਤੀ।

# ਸੇਵਾ-ਮੁਕਤ ਆਈ. ਏ. ਐੱਸ. ਅਫ਼ਸਰ ਨਾਲ 2 ਲੱਖ ਦੀ ਸਾਈਬਰ ਧੋਖਾਧੜੀ

ਐੱਸ. ਏ. ਐੱਸ. ਨਗਰ, 28 ਅਕਤੂਬਰ (ਕਪਿਲ ਵਧਵਾ)- ਸੇਵਾ-ਮੁਕਤ ਆਈ. ਏ. ਐੱਸ. ਅਧਿਕਾਰੀ ਅਤੇ ਹੈਮਟਨ ਸਕਾਈ ਦੇ ਨਿਰਦੇਸ਼ਕ ਦੇਵਾ ਪੰਪਾਪਾਥੀ ਰੈੱਡੀ ਨਾਲ ਸਾਈਬਰ ਧੋਖਾਧੜੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸੰਬੰਧੀ ਉਨ੍ਹਾਂ ਵਲੋਂ ਮੁਹਾਲੀ ਦੇ ਸਾਈਬਰ ਪੁਲਿਸ ਥਾਣੇ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ ਹੈ, ਜਿਸ 'ਤੇ ਕਾਰਵਾਈ ਕਰਦਿਆਂ ਪੁਲਿਸ ਨੇ ਬੀ. ਐਨ. ਐੱਸ. ਦੀ ਧਾਰਾ 318 (4) ਤੇ 319 ਸਮੇਤ ਆਈ. ਟੀ. ਐਕਟ ਦੀ ਧਾਰਾ 66 ਤਹਿਤ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤ ਵਿਚ ਦੇਵਾ ਪੰਪਾਪਾਥੀ ਰੈੱਡੀ ਨੇ ਦੱਸਿਆ ਕਿ 16 ਸਤੰਬਰ ਨੂੰ ਉਨ੍ਹਾਂ ਨੂੰ ਇਕ ਅੰਤਰਰਾਸ਼ਟਰੀ ਨੰਬਰ ਤੋਂ ਵਟਸਐਪ ਮੈਸੇਜ਼ ਪ੍ਰਾਪਤ ਹੋਇਆ ਸੀ। ਮੈਸੇਜ਼ ਕਰਨ ਵਾਲੇ ਵਿਅਕਤੀ ਨੇ ਆਪਣੀ ਪਛਾਣ ਉਨ੍ਹਾਂ ਦੀ ਭੈਣ ਵਜੋਂ ਦੱਸਦਿਆਂ ਕਿਹਾ ਕਿ ਉਸ ਨੂੰ ਭਾਰਤ ਵਿਚ ਆਪਣੀ ਇਕ ਸਹੇਲੀ ਨੂੰ ਪੈਸੇ ਭੇਜਣੇ ਹਨ, ਜੋ ਕਿ ਜਲਦ ਹੀ ਵਾਪਸ ਕਰ ਦਿੱਤੇ ਜਾਣਗੇ। ਉਨ੍ਹਾਂ ਨੇ ਭੈਣ ਦੀ ਤਸਵੀਰ ਨਾਲ ਮਿਲਦੀ ਜੁਲਦੀ ਪ੍ਰੋਫ਼ਾਈਲ ਪਿਕਚਰ ਦੇਖ ਕੇ ਇਸ ਨੂੰ ਸਹੀ ਮੰਨ ਲਿਆ ਅਤੇ ਆਪਣੇ ਐੱਸ. ਬੀ. ਆਈ. ਬੈਂਕ ਦੇ ਖਾਤੇ ਤੋਂ 16 ਅਤੇ 17 ਸਤੰਬਰ ਨੂੰ ਦੋ ਵਾਰ ਵਿਚ ਦੋ ਲੱਖ ਰੁ. ਟਰਾਂਸਫ਼ਰ ਕਰ ਦਿੱਤੇ। ਇਹ ਰਕਮ ਨਾਜ਼ਿਲ ਮਲਿਕ ਨਾਂਅ ਦੇ ਵਿਅਕਤੀ ਦੇ ਸੈਂਟਰਲ ਬੈਂਕ ਆਫ ਇੰਡੀਆ ਦੀ ਹਲਦਵਾਨੀ ਬ੍ਰਾਂਚ (ਉੱਤਰਾਖੰਡ) ਦੇ ਖਾਤੇ ਵਿਚ ਪਏ ਹਨ। ਇਸ ਤੋਂ ਬਾਅਦ ਜਦੋਂ ਉਨ੍ਹਾਂ ਆਪਣੀ ਭੈਣ ਨਾਲ ਸੰਪਰਕ ਕੀਤਾ ਤਾਂ ਪਤਾ ਚੱਲਿਆ ਕਿ ਉਸ ਵਲੋਂ ਕੋਈ ਅਜਿਹਾ ਮੈਸੇਜ਼ ਨਹੀਂ ਭੇਜਿਆ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਤੁਰੰਤ ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ 'ਤੇ ਮਾਮਲਾ ਦਰਜ ਕਰਵਾਇਆ ਅਤੇ ਸਾਈਬਰ ਠੱਗ ਦਾ ਬੈਂਕ ਖਾਤਾ ਫਰੀਜ਼ ਕਰਨ ਦੀ ਬੇਨਤੀ ਕੀਤੀ। ਸਾਈਬਰ ਪੁਲਿਸ ਵਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।



ਪਾਵਰਕਾਮ ਦੇ ਐਕਸੀਅਨ ਨੂੰ ਮੰਗ-ਪੱਤਰ ਸੌਂਪਦੇ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਆਗੂ। *ਤਸਵੀਰ : ਗੁਰਮੁੱਖ ਸਿੰਘ ਮਾਨ*


ਸੰਪਾਦਕ-ਰਾਜਿੰਦਰ ਸਿੰਘ। ਸ੍ਰੀਮਤੀ ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼, ਡੀ. 219, ਇੰਡਸਟਰੀਅਲ ਏਰੀਆ, ਫੇਸ 8 ਬੀ., ਸੈਕਟਰ 74, ਮੁਹਾਲੀ ਤੋਂ ਛਪਵਾ ਕੇ ਐਸ.ਸੀ.ਓ. 12 ਸੈਕਟਰ 21 ਸੀ. ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।
ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: CHAPUN/2015/59762

Editor- Rajinder Singh. Printer, Publisher and Secretary Smt. Parkash Kaur Hamdard. Printed for Sadhu Singh Hamdard Trust at Daily Ajit Printers, D-219, Industrial area, Phase 8-B, Sector-74, Mohali and Published from SCO 12, Sector 21-C Chandigarh RNI Regd. No:- CHAPUN/2015/59762